**ਪੰਜਾਬ ਸਰਕਾਰ**
**ਸਿਖਿਆ ਵਿਭਾਗ**
**(ਸਿਖਿਆ-6 ਸ਼ਾਖਾ)**

ਸੇਵਾ ਵਿਖੇ,

1. ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ.),
   ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ ਸਿਖਿਆ ਵਿਭਾਗ (ਐ.ਸਿ.),
   ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ, ਚੰਡੀਗੜ੍ਹ।

ਮੀਮੋ ਨੰ : 4/2/08-01ਸਿ6/ 113-115
ਮਿਤੀ : 15-01-10

**ਵਿਸ਼ਾ:** **ਰਾਜ ਦੇ ਸਰਕਾਰੀ ਅਤੇ ਗੈਰ ਸਰਕਾਰੀ ਮਾਨਤਾ ਪ੍ਰਾਪਤ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਨੂੰ ਸਟੇਟ ਅਵਾਰਡ ਦੇਣ ਸਬੰਧੀ ਪਾਲਿਸੀ ਬਨਾਉਣ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਾਲ 2010 ਦੇ ਸਟੇਟ ਅਵਾਰਡ ਦੇ ਕੇਸਾਂ ਵਿਚ ਅਵਾਰਡੀਆਂ ਦੀ ਚੋਣ ਕਰਨ ਸਬੰਧੀ ਦਰਖਾਸਤਾਂ ਪ੍ਰਾਪਤ ਕਰਨ ਅਤੇ ਉਨ੍ਹਾਂ ਨੂੰ ਪ੍ਰੋਸੈਸ ਕਰਕੇ ਮੈਰਿਟ ਅਨੁਸਾਰ ਚੋਣ ਕਰਨ ਦੀ ਸਮਾਂ ਸਾਰਣੀ ਹੇਠ ਲਿਖੇ ਅਨੁਸਾਰ ਨਿਸ਼ਚਿਤ ਕੀਤੀ ਜਾਂਦੀ ਹੈ :-

| | | |
|---|---|---|
| ੳ) | ਦਰਖਾਸਤਾਂ ਦੇਣ ਦਾ ਸਮਾਂ | 01 ਫਰਵਰੀ ਤੋਂ 15 ਮਾਰਚ ਤੱਕ |
| ਅ) | ਮੁੱਖ ਦਫਤਰ ਦੁਆਰਾ ਦਰਖਾਸਤਾਂ ਦੀ ਛਾਣਬੀਣ | 01 ਅਪਰੈਲ ਤੋਂ 30 ਅਪਰੈਲ ਤੱਕ |
| ੲ) | ਸਬ-ਕਮੇਟੀਆਂ ਦੁਆਰਾ ਸਬੰਧਤ ਸਕੂਲਾਂ ਦੀ ਚੈਕਿੰਗ | 07 ਜੁਲਾਈ ਤੋਂ 07 ਅਗਸਤ ਤੱਕ |
| ਸ) | ਰਾਜ ਪੱਧਰੀ ਕਮੇਟੀ ਦੁਆਰਾ ਅਵਾਰਡਾਂ ਦਾ ਫੈਸਲਾ | 20 ਅਗਸਤ ਤੱਕ |

ਸਟੇਟ ਅਵਾਰਡੀਅ ਅਧਿਆਪਕਾਂ ਦੀ ਚੋਣ ਕਰਨ ਸਮੇਂ ਨਿਮਨ ਲਿਖਤ ਨੁਕਤਿਆਂ ਨੂੰ ਧਿਆਨ ਵਿਚ ਰੱਖਿਆ ਜਾਵੇ;

ੳ) ਹਿਸਾਬ, ਅੰਗਰੇਜੀ, ਐਸ.ਐਸ., ਸਾਇੰਸ, ਪੰਜਾਬੀ, ਸ਼ਰੀਰਕ ਸਿੱਖਿਆ, ਮੁੱਖ ਅਧਿਆਪਕ ਅਤੇ ਪ੍ਰਿੰਸੀਪਲ ਲਈ ਇਕ-ਇਕ ਅਵਾਰਡ ਅਤੇ ਦੂਜੇ ਵਿਸ਼ਿਆਂ ਜਿਵੇਂ ਵੋਕੇਸ਼ਨਲ, ਡਰਾਇੰਗ, ਖੇਤੀਬਾੜੀ ਆਦਿ ਲਈ ਦੋ ਅਵਾਰਡ ਰੱਖੇ ਜਾਣ। ਇਹ ਵੀ ਜਰੂਰੀ ਨਹੀਂ ਹੋਵੇਗਾ ਕਿ ਹਰ ਕੈਟਾਗਰੀ ਵਿਚੋਂ ਇਕ ਅਧਿਆਪਕ ਜਰੂਰ ਹੀ ਚੁਣਿਆ ਜਾਣਾ ਹੈ। ਕਮੇਟੀ ਦੀ ਨਜਰ ਵਿਚ ਜੇਕਰ ਕਿਸੇ ਕੈਟਾਗਰੀ ਦਾ ਅਵਾਰਡ ਪ੍ਰਦਾਨ ਕਰਨ ਲਈ ਯੋਗ ਅਧਿਆਪਕ ਨਾ ਮਿਲੇ ਤਾਂ ਉਸਦੀ ਥਾਂ ਤੇ ਕਿਸੇ ਹੋਰ ਕੈਟਾਗਰੀ ਦਾ ਅਧਿਆਪਕ ਵਿਚਾਰਿਆ ਜਾਵੇਗਾ, ਬਰਸ਼ਰਤੇ ਕਿ ਉਸ ਦੀ ਮੈਰਿਟ ਉਚੇ ਦਰਜੇ ਦੀ ਹੋਵੇ। ਦੂਜੇ ਸ਼ਬਦਾਂ ਵਿਚ ਅਵਾਰਡੀ ਅਧਿਆਪਕ ਦੀ ਚੋਣ ਕੇਵਲ ਉਚ ਦਰਜੇ ਦੀ ਮੈਰਿਟ ਦੇ ਅਧਾਰ ਤੇ ਹੀ ਹੋਵੇਗੀ।

ਅ) ਨਿਰਧਾਰਤ ਫਾਰਮ ਦੇ ਮੁਤਾਬਿਕ ਸਾਰੇ ਜਿਲਿਆਂ ਵਿਚ ਕੁਲ 100 ਅਧਿਆਪਕਾਂ ਦੀ ਮੈਰਿਟ ਚੋਣ ਕਰਕੇ ਸਨਮਾਨਿਤ ਕਰਨ ਦੀ ਬਜਾਏ ਜਿਲ੍ਹਾ ਪੱਧਰ ਤੇ ਜਿਲ੍ਹਾ ਸਿੱਖਿਆ ਅਫਸਰ ਵਲੋਂ ਪ੍ਰਸ਼ੰਸਾ ਪੱਤਰ ਦੇ ਦਿੱਤੇ ਜਾਣ। ਇਸ ਸਮੇਂ ਵੱਡੇ ਜਿਲਿਆਂ ਲਈ ਅਧਿਆਪਕਾਂ ਦੀ ਗਿਣਤੀ ਨੂੰ ਧਿਆਨ ਵਿਚ ਰੱਖ ਲਿਆ ਜਾਵੇ।

ੲ) ਅਵਾਰਡੀ ਅਧਿਆਪਕਾਂ ਦੇ ਨਾਮ ਫਾਈਨਲ ਹੋਣ ਜਾਣ ਦੇ ਬਾਅਦ ਇਹਨਾਂ ਦਾ ਤੁਰੰਤ ਐਲਾਨ ਕਰ ਦਿੱਤਾ ਜਾਵੇਗਾ।

ਸ) ਨੈਸ਼ਨਲ ਅਵਾਰਡ ਲਈ ਸਮਾਂ, ਕੇਂਦਰ ਸਰਕਾਰ ਦੀ ਪਾਲਿਸੀ ਅਨੁਸਾਰ ਹੀ ਨਿਸ਼ਚਿਤ ਕੀਤਾ ਜਾਵੇਗਾ।

ਗ) ਸਟੇਟ ਅਵਾਰਡ ਦੇ ਕੇਸਾਂ ਵਿਚ ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਜਾਵੇ :-

| **ਲੜੀ ਨੰ :** | **ਮੱਦ ਦਾ ਵੇਰਵਾ** | **ਅੰਕ** |
|---|---|---|
| 1) | ਵਿਦਿਅਕ ਯੋਗਤਾ | 15 |
| 2) | ਨਤੀਜੇ | 20 |
| 3) | ਬੱਚਿਆਂ ਦੀ ਗਿਣਤੀ (ਵਾਧਾ/ਘਾਟਾ) | 2 |
| 4) | ਵਿਦਿਆਰਥੀਆਂ ਦੀ ਹਾਜਰੀ | 2 |
| 5) | ਅਨੁਸ਼ਾਸ਼ਨ ਸਬੰਧੀ ਯੋਗਦਾਨ | 4 |
| 6) | ਡਰਾਪ ਆਉਟ | 4 |
| 7) | ਬਿਲਡਿੰਗ ਦੀ ਉਸਾਰੀ ਤੇ ਸਾਂਭ ਸੰਭਾਲ ਵਿਚ ਯੋਗਦਾਨ | 5 |
| 8) | ਸਕੂਲਾਂ ਦੀ ਸਫਾਈ ਦਾ ਹਾਲ | 2 |
| 9) | ਫਰਨੀਚਰ (ਉਪਲਬਧਤਾ ਤੇ ਸਾਂਭ ਸੰਭਾਲ) | 2 |
| 10) | ਪੀਣ ਵਾਲੇ ਸਾਫ ਪਾਣੀ ਬਾਰੇ | 2 |
| 11) | ਪਖਾਨਿਆਂ ਦੀ ਸਫਾਈ ਸਬੰਧੀ ਨਿਗਰਾਨੀ | 2 |
| 12) | ਨਵੇਂ ਪੌਦੇ ਲਾਉਣ ਅਤੇ ਬੂਟਿਆਂ ਦੀ ਸਾਂਭ ਸੰਭਾਲ | 2 |
| 13) | ਕੌਮੀ ਏਕਤਾ | 2 |
| 14) | ਨਵੀਂ ਕਾਢ (ਇੱਨੋਵੇਸ਼ਨ) | 5 |

| | | |
|---|---|---|
| 15) | ਪੜ੍ਹਾਉਣ ਲਈ ਸਹਾਇਕ ਸਮੱਗਰੀ ਦੀ ਵਰਤੋਂ (ਟੀਚਿੰਗ ਏਡਜ਼) | 2 |
| 16) | ਸਪੈਸ਼ਲ ਕੋਚਿੰਗ | 3 |
| 17) | ਸਹਿਪਾਠੀ ਕ੍ਰਿਆਵਾਂ ਵਿਚ ਯੋਗਦਾਨ | 6 |
| 18) | ਛਪੀਆਂ ਰਚਨਾਵਾਂ | 3 |
| 19) | ਸੇਵਾ ਕਾਲ ਦੌਰਾਨ ਲਈ ਟਰੇਨਿੰਗ (ਇਕ ਸੈਮੀਨਾਰ/ ਟ੍ਰੇਨਿੰਗ ਲਈ ਇਕ ਨੰਬਰ ਮਿਲੇਗਾ) | 2 |
| 20) | ਪ੍ਰਾਪਤ ਕੀਤੇ ਪ੍ਰਸ਼ੰਸਾ ਪੱਤਰ ਜਾਂ ਇਨਾਮ | 3 |
| 21) | ਪਿਛਲੇ 10 ਸਾਲਾਂ ਦੀ ਸਾਲਾਨਾ ਗੁਪਤ ਰਿਪੋਰਟਾਂ (ਬੈਂਚ ਮਾਰਕ ਅਨੁਸਾਰ ਨੰਬਰ ਲਾ ਕੇ ਉਸਦਾ ਚੌਥਾ ਹਿੱਸਾ) | 10 |
| 22) | ਫੰਡ ਇਨਚਾਰਜ ਜਾਂ ਨਿਭਾਈ ਗਈ ਕੋਈ ਹੋਰ ਜਿੰਮੇਵਾਰੀ | 2 |
| **23)** | **ਕੁਲ ਅੰਕ** | **100** |

ਇਸ ਸਬੰਧ ਵਿਚ ਬੇਨਤੀ ਹੈ ਕਿ ਉਪਰੋਕਤ ਹਦਾਇਤਾਂ ਆਪ ਦੇ ਅਧੀਨ ਆਉਂਦੇ ਸਮੂਹ ਅਮਲੇ ਦੇ ਇੰਨਬਿੰਨ ਪਾਲਣਾ ਲਈ ਧਿਆਨ ਵਿਚ ਲਿਆ ਦਿੱਤੀਆਂ ਜਾਣ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

**ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ**

ਪਿ:ਅ:ਨੰ: 4/2/08-1ਸਿ6/ 116-156 **ਮਿਤੀ** : 15-01-10

**1. ਇਸਦਾ ਇਕ ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।**

2. ਇਸਦਾ ਇਕ ਉਤਾਰਾ ਸਮੂਹ;
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਨੂੰ
ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

**ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ**

ਅੰਦਰੂਨੀ ਵੰਡ ਸੂਚੀ

1. ਨਿੱਜੀ ਸਕੱਤਰ/ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਸਕੱਤਰ ਸਕੂਲ ਸਿੱਖਿਆ।
3. ਨਿੱਜੀ ਸਹਾਇਕ/ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਐਮ)